ਮਿੱਠੇ ਬੱਚੇ:- "ਮਿੱਠੇ ਬੱਚੇ :- ਬਾਪ ਦੀ ਯਾਦ ਵਿਚ ਰਹਿ ਸਦਾ ਖੁਸ਼ ਰਹੋ। ਯਾਦ ਵਿਚ ਰਹਿਣ ਵਾਲੇ ਬੜੇ ਰਮਣੀਕ ਅਤੇ ਮਿੱਠੇ ਹੋਣਗੇ। ਖੁਸ਼ੀ ਵਿੱਚ ਰਹਿ ਸਰਵਿਸ ਕਰਦੇ ਰਹਿਣਗੇ।"

ਪ੍ਰਸ਼ਨ:- ਪ੍ਰਸ਼ਨ:- ਗਿਆਨ ਦੀ ਮਸਤੀ ਦੇ ਨਾਲ-ਨਾਲ ਕਿਹੜੀ ਚੈਕਿੰਗ ਕਰਨੀ ਬੜੀ ਜਰੂਰੀ ਹੈ?

ਉੱਤਰ:- ਗਿਆਨ ਦੀ ਮਸਤੀ ਤਾਂ ਰਹਿੰਦੀ ਹੈ ਪਰ ਚੈਕ ਕਰੋ ਦੇਹੀ - ਅਭਿਮਾਨੀ ਕਿੰਨਾ ਬਣੇ ਹੋ? ਗਿਆਨ ਤਾਂ ਬੜਾ ਸੌਖਾ ਹੈ, ਪਰ ਯੋਗ ਵਿਚ ਮਾਇਆ ਬੜੇ ਵਿਘਨ ਪਾਉਂਦੀ ਹੈ। ਗ੍ਰਹਿਸਤ ਵਿਵਹਾਰ ਵਿਚ ਅਨਾਸਕਤ ਹੋ ਕੇ ਰਹਿਣਾ ਹੈ। ਇਵੇਂ ਨਾ ਹੋਵੇ ਮਾਇਆ ਚੂਹੀ ਅੰਦਰ ਕੱਟਦੀ ਰਹੇ ਅਤੇ ਪਤਾ ਵੀ ਨਾ ਚੱਲੇ। ਆਪਣੀ ਨਬਜ ਆਪੇ ਹੀ ਵੇਖਦੇ ਰਹੋ ਕਿ ਬਾਬਾ ਦੇ ਨਾਲ ਸਾਡਾ ਹੱਡੀ ਪਿਆਰ ਹੈ? ਕਿੰਨਾ ਸਮਾਂ ਅਸੀਂ ਯਾਦ ਵਿਚ ਰਹਿੰਦੇ ਹਾਂ

ਗੀਤ:- ਜਲੇ ਕਿਊ ਨਾ ਪਰਵਾਨਾ...

ਓਮ ਸ਼ਾਂਤੀ। ਮਿੱਠੇ ਮਿੱਠੇ ਬੱਚਿਆਂ ਨੇ ਗੀਤ ਦੀ ਲਾਈਨ ਸੁਣੀ, ਜਦਕਿ ਬਾਪ ਇਤਨਾ ਜਲਵਾ ਦਿਖਾਉਂਦੇ ਹਨ ਜੋ ਤੁਸੀਂ ਇਤਨੇ ਹਸੀਨ ਬਣ ਜਾਂਦੇ ਹੋ ਤਾਂ ਕਿਓਂ ਨਹੀਂ ਅਜਿਹੇ ਬਾਪ ਦਾ ਬਣ ਜਾਣਾ ਚਾਹੀਦਾ ਹੈ, ਜੋ ਬਾਪ ਸ਼ਾਮ ਤੋਂ ਸੁੰਦਰ ਬਣਾਉਂਦੇ ਹਨ। ਬਚੇ ਸਮਝਦੇ ਹਨ ਅਸੀਂ ਸਾਂਵਰੇ ਤੋਂ ਗੋਰੇ ਬਣਦੇ ਹਾਂ। ਇਕ ਦੀ ਗੱਲ ਨਹੀਂ ਹੈ। ਉਹ ਲੋਕ ਸ਼੍ਰੀਕ੍ਰਿਸ਼ਨ ਨੂੰ ਸ਼ਾਮ ਸੁੰਦਰ ਕਹਿ ਦਿੰਦੇ ਹਨ। ਚਿਤਰ ਵੀ ਅਜਿਹਾ ਹੀ ਬਣਾਉਂਦੇ ਹਨ। ਕੋਈ ਸੁੰਦਰ ਤੇ ਕੋਈ ਸ਼ਾਮ। ਮਨੁੱਖ ਸਮਝਦੇ ਨਹੀਂ ਕਿ ਇਹ ਕਿਵੇਂ ਹੋ ਸਕਦਾ ਹੈ। ਸਤਿਯੁਗ ਦਾ ਪ੍ਰਿੰਸ ਕ੍ਰਿਸ਼ਨ ਸਾਂਵਰਾ ਹੋ ਨਹੀਂ ਸਕਦਾ। ਕ੍ਰਿਸ਼ਨ ਦੇ ਲਈ ਤਾਂ ਸਭ ਕਹਿੰਦੇ ਹਨ, ਕ੍ਰਿਸ਼ਨ ਵਰਗਾ ਬੱਚਾ ਮਿਲੇ, ਪਤੀ ਮਿਲੇ। ਫਿਰ ਉਹ ਸ਼ਾਮ ਕਿਵੇਂ ਹੋ ਸਕਦਾ ਹੈ। ਕੁਝ ਵੀ ਨਹੀਂ ਸਮਝਦੇ ਹਨ। ਸ਼੍ਰੀਕ੍ਰਿਸ਼ਨ ਨੂੰ ਸਾਂਵਰਾ (ਸ਼ਾਮ) ਕਿਓਂ ਬਣਾਇਆ ਹੈ? ਕਾਰਣ ਚਾਹੀਦਾ ਹੈ। ਇਹ ਜੋ ਵਿਖਾਉਂਦੇ ਹਨ ਸੱਪ ਤੇ ਡਾਂਸ ਕੀਤਾ- ਇਸ ਤਰ੍ਹਾਂ ਦੀਆਂ ਗੱਲਾਂ ਤੇ ਹੋ ਨਹੀਂ ਸਕਦੀ। ਸ਼ਾਸਤਰਾਂ ਵਿੱਚ ਅਜਿਹੀਆਂ ਗੱਲਾਂ ਸੁਣਕੇ ਕਹਿ ਦਿੰਦੇ ਹਨ, ਅਜਿਹੀ ਕੋਈ ਸੱਪ ਦੀ ਸ਼ਈਆ ਆਦਿ ਹੁੰਦੀ ਨਹੀਂ। ਇਤਨੇ ਸੈਂਕੜੇ ਮੂੰਹ ਹੁੰਦੇ ਹਨ ਕੀ? ਕਿਵੇਂ-ਕਿਵੇਂ ਚਿੱਤਰ ਬੈਠ ਬਣਾਏ ਹਨ। ਬਾਪ ਸਮਝਾਉਂਦੇ ਹਨ, ਇਹਨਾਂ ਵਿਚ ਕੁਝ ਵੀ ਰੱਖਿਆ ਨਹੀਂ ਹੈ, ਇਹ ਸਭ ਭਗਤੀ ਮਾਰਗ ਦੇ ਚਿਤਰ ਹਨ। ਪਰ ਇਹ ਵੀ ਡਰਾਮਾ ਵਿਚ ਨੂੰਧ ਹੈ। ਸ਼ੁਰੂ ਤੋਂ ਲੈ ਕੇ ਇਸ ਵਕਤ ਤੱਕ ਜੋ ਨਾਟਕ ਸ਼ੂਟ ਹੋਇਆ ਹੈ, ਉਹ ਫਿਰ ਰਪੀਟ ਹੋਣਾ ਹੈ। ਇਹ ਸਿਰਫ ਸਮਝਾਇਆ ਜਾਂਦਾ ਹੈ ਕਿ ਭਗਤੀ ਮਾਰਗ ਵਿਚ ਕੀ-ਕੀ ਕਰਦੇ ਹਨ। ਕਿੰਨਾ ਖਰਚਾ ਕਰਦੇ ਹਨ, ਕਿਵੇਂ - ਕਿਵੇਂ ਦੇ ਚਿੱਤਰ ਆਦਿ ਬਣਾਉਂਦੇ ਹਨ। ਪਹਿਲੋਂ ਜਦੋ ਇਹ ਸਭ ਚਿੱਤਰ ਵੇਖਦੇ ਸਨ ਤਾਂ ਇਤਨਾ ਹੈਰਾਨ ਨਹੀਂ ਸੀ ਹੁੰਦੇ। ਹੁਣ ਜਦੋ ਬਾਪ ਨੇ ਸਮਝਾਇਆ ਹੈ ਤਾਂ ਬੁੱਧੀ ਵਿਚ ਆਉਂਦਾ ਹੈ ਬਰੋਬਰ ਇਹ ਸਭ ਭਗਤੀ ਮਾਰਗ ਦੀਆ ਗੱਲਾਂ ਹਨ। ਭਗਤੀ ਵਿਚ ਜੋ ਕੁਝ ਹੁੰਦਾ ਹੈ, ਉਹ ਫਿਰ ਜਰੂਰ ਹੋਵੇਗਾ। ਸਿਵਾਏ ਤੁਹਾਡੇ ਹੋਰ ਕੋਈ ਵੀ ਇਹ ਸਮਝ ਨਹੀਂ ਸਕਦਾ। ਇਹ ਤਾਂ ਜਾਣਦੇ ਹੋ ਡਰਾਮਾ ਵਿਚ ਜੋ ਪਹਿਲਾਂ ਤੋਂ ਨੂੰਧ ਹੈ, ਉਹ ਹੀ ਹੁੰਦਾ ਰਹਿੰਦਾ ਹੈ। ਅਨੇਕ ਧਰਮਾਂ ਦਾ ਵਿਨਾਸ਼ ਇਕ ਧਰਮ ਦੀ ਸਥਾਪਨਾ ਹੁੰਦੀ ਹੈ। ਇਸ ਵਿੱਚ ਬੜਾ ਕਲਿਆਣ ਹੈ, ਹੁਣ ਤੁਸੀਂ ਇਹ ਪ੍ਰਾਥਨਾ ਆਦਿ ਕੁਝ ਵੀ ਨਹੀਂ ਕਰਦੇ ਹੋ। ਇਹ ਸਭ ਕਰਦੇ ਹਨ ਭਗਵਾਨ ਤੋਂ ਫਲ ਲੈਣ ਲਈ। ਫਲ ਹੈ ਜੀਵਨਮੁਕਤੀ, ਤਾਂ ਇਹ ਸਭ ਸਮਝਾਇਆ ਜਾਂਦਾ ਹੈ। ਇੱਥੇ ਤਾਂ ਹੈ ਪ੍ਰਜਾ ਦਾ ਪ੍ਰਜਾ ਤੇ ਰਾਜ। ਗੀਤਾ ਵਿੱਚ ਹੈ ਭਾਰਤਵਾਸੀ ਕੌਰਵ ਪਾਂਡਵ ਕੀ ਕਰਦੇ ਹਨ। ਬਰੋਬਰ ਯਾਦਵਾਂ ਨੇ ਮੂਸਲ ਨਿਕਾਲੇ। ਆਪਣੇ ਕੁਲ ਦਾ ਵਿਨਾਸ਼ ਕੀਤਾ। ਇਹ ਸਭ ਆਪਸ ਵਿਚ ਦੁਸ਼ਮਣ ਹਨ। ਤੁਸੀਂ ਨਿਊਜ ਆਦਿ ਸੁਣਦੇ ਨਹੀਂ ਹੋ, ਜੋ ਸੁਣਦੇ ਹਨ ਉਹ ਚੰਗੀ ਤਰ੍ਹਾਂ ਨਾਲ ਸਮਝ ਸਕਦੇ ਹਨ। ਦਿਨ ਪ੍ਰਤੀਦਿਨ ਅੰਦਰ ਬਹੁਤ ਖਿਟਪਿਟ ਹੈ। ਹੈ ਤਾਂ ਸਭ ਕ੍ਰਿਸ਼ਚਨ, ਪਰ ਅੰਦਰ ਬੜੀ ਖਿਟਪਿਟ ਹੈ। ਘਰ ਬੈਠੇ ਹੀ ਇਕ ਦੋ ਨੂੰ ਉੱਡਾ ਦੇਣਗੇ। ਤੁਸੀਂ ਰਾਜਯੋਗ ਸਿੱਖ ਰਹੇ ਹੋ ਤਾਂ ਰਾਜਾਈ ਕਰਨ ਦੇ ਲਈ ਪੁਰਾਣੀ ਦੁਨੀਆ ਦੀ ਸਫਾਈ ਜਰੂਰ ਚਾਹੀਦੀ ਹੈ। ਫਿਰ ਨਵੀ ਦੁਨੀਆ ਵਿਚ ਸਭ ਕੁਝ ਨਵਾਂ ਹੋਵੇਗਾ। ਪੰਜ ਤੱਤਵ ਵੀ ਓਥੇ ਸਤੋਪ੍ਰਧਾਨ ਹੋਣਗੇ। ਸਮੁੰਦਰ ਦੀ ਤਾਕਤ ਨਹੀਂ ਜੋ ਉੱਛਲ ਕੇ ਨੁਕਸਾਨ ਕਰ ਦੇਵੇ। ਹੁਣ ਤੇ ਪੰਜ ਤੱਤਵ ਕਿੰਨਾ ਨੁਕਸਾਨ ਕਰਦੇ ਹਨ। ਓਥੇ ਸਾਰੀ ਪ੍ਰਾਕ੍ਰਿਤੀ ਦਾਸੀ ਹੋ ਜਾਵੇਗੀ ਇਸਲਈ ਦੁੱਖ ਦੀ ਕੋਈ ਗੱਲ ਨਹੀਂ। ਇਹ ਵੀ ਬਣਿਆ ਬਣਾਇਆ ਡਰਾਮਾ ਦਾ ਖੇਲ ਹੈ। ਸਵਰਗ ਕਿਹਾ ਜਾਂਦਾ ਹੈ ਸਤਿਯੁਗ ਨੂੰ, ਕ੍ਰਿਸ਼ਚਨ ਲੋਕ ਵੀ ਕਹਿੰਦੇ ਹਨ, ਪਹਿਲੋਂ - ਪਹਿਲੋ ਹੈਵਿਨ ਸੀ। ਭਾਰਤ ਅਵਿਨਾਸ਼ੀ ਖੰਡ ਹੈ। ਸਿਰਫ ਉਨ੍ਹਾਂ ਨੂੰ ਪਤਾ ਨਹੀਂ ਕਿ ਸਾਨੂੰ ਲਿਬਰੇਟ ਕਰਨ ਵਾਲਾ ਬਾਪ ਭਾਰਤ ਵਿਚ ਆਉਂਦਾ ਹੈ। ਸ਼ਿਵ ਜਯੰਤੀ ਵੀ ਮਨਾਉਂਦੇ ਹਨ ਤਾਂ ਵੀ ਸਮਝ ਨਹੀਂ ਸਕਦੇ ਹਨ। ਹੁਣ ਤੁਸੀਂ ਸਮਝਾਉਂਦੇ ਹੋ ਕਿ ਭਾਰਤ ਵਿੱਚ ਸ਼ਿਵ ਜਯੰਤੀ ਮਨਾਈ ਜਾਂਦੀ ਹੈ। ਜਰੂਰ ਸ਼ਿਵ ਬਾਬਾ ਨੇ ਭਾਰਤ ਵਿਚ ਆਕੇ ਹੈਵਿਨ ਬਣਾਇਆ ਹੈ, ਹੁਣ ਫਿਰ ਬਣਾ ਰਹੇ ਹਨ। ਜੋ ਪ੍ਰਜਾ ਬਣਨ ਵਾਲੇ ਹੋਣਗੇ ਉਨ੍ਹਾਂ ਦੀ ਬੁੱਧੀ ਵਿਚ ਕੁਝ ਵੀ ਨਹੀਂ ਬੈਠੇਗਾ। ਜੋ ਰਾਜਧਾਨੀ ਵਾਲੇ ਹੋਣਗੇ ਉਹ ਬਰਾਬਰ ਸਮਝਣਗੇ ਅਸੀਂ ਸ਼ਿਵਬਾਬਾ ਦੇ ਬੱਚੇ ਹਾਂ। ਪ੍ਰਜਾਪਿਤਾ ਬ੍ਰਹਮਾ ਵੀ ਹੈ। ਲਿਬ੍ਰੇਟਰ, ਗਿਆਨ ਦਾ ਸਾਗਰ ਖੁਦ ਬਾਬਾ ਹੈ। ਬ੍ਰਹਮਾ ਨੂੰ ਨਹੀਂ ਕਹਾਂਗੇ। ਬ੍ਰਹਮਾ ਵੀ ਉਨ੍ਹਾਂ ਤੋਂ ਲਿਬਰੇਟ ਹੁੰਦਾ ਹੈ। ਲਿਬਰੇਟ ਸਭ ਨੂੰ ਇਕ ਬਾਪ ਹੀ ਕਰਦੇ ਹਨ ਕਿਉਂਕਿ ਸਭ ਤਮੋਪ੍ਰਧਾਨ ਹਨ। ਇਵੇਂ ਅੰਦਰ ਵਿਚਾਰ ਸਾਗਰ ਮੰਥਨ ਚਲਣਾ ਚਾਹੀਦਾ ਹੈ। ਅਸੀਂ ਅਜਿਹੀ ਮੁਰਲੀ ਚਲਾਇਏ ਜੋ ਮਨੁੱਖ ਝੱਟ ਸਮਝ ਜਾਣ। ਬੱਚੇ ਨੰਬਰਵਾਰ ਤੇ ਹਨ ਹੀ। ਇਹ ਹੈ ਨੋਲਜ, ਇਸ ਦੀ ਰੋਜ ਪੜਾਈ ਕਰਨੀ ਚਾਹੀਦੀ ਹੈ। ਡਰ ਦੇ ਮਾਰੇ ਪੜਾਈ ਨਾ ਪੜਨਾ, ਇਹ ਤਾ ਠੀਕ ਨਹੀਂ ਹੈ। ਫਿਰ ਕਹਿਣਗੇ ਕਰਮਬੰਧਨ ਹੈ ਦੇਖੋ ਸ਼ੁਰੂ ਵਿਚ ਕਿੰਨੇ ਛੁੱਟ ਕੇ ਆਏ, ਫਿਰ ਚਲੇ ਵੀ ਗਏ। ਸਿੰਧ ਵਿਚ

ਬੜੀਆਂ ਬੱਚੀਆਂ ਆਈਆਂ, ਫਿਰ ਹੰਗਾਮੇ ਕਾਰਣ ਕਿਨੇ ਦੁਸ਼ਮਨ ਬਣ ਗਏ। ਪਹਿਲੋਂ ਉਨ੍ਹਾਂ ਨੂੰ ਗਿਆਨ ਬਹੁਤ ਚੰਗਾ ਲਗਦਾ ਸੀ। ਸਮਝਦੇ ਸੀ ਇਨ੍ਹਾਂ ਨੂੰ ਭਗਵਾਨ ਦੀ ਦਾਤ ਮਿਲੀ ਹੋਈ ਹੈ। ਹੁਣ ਵੀ ਇਹ ਸਮਝਦੇ ਹਨ ਕਿ ਕੋਈ ਸ਼ਕਤੀ ਹੈ, ਇਹ ਨਹੀਂ ਸਮਝਦੇ ਕੀ ਪਰਮਾਤਮਾ ਦੀ ਪ੍ਰਵੇਸ਼ਤਾ ਹੈ। ਅੱਜਕਲ ਰਿਧੀ, ਸਿੱਧੀ ਦੀ ਤਾਕਤ ਤਾਂ ਬਹੁਤਿਆਂ ਦੇ ਕੋਲ ਹੈ। ਗੀਤਾ ਉਠਾ ਕੇ ਸੁਣਾਉਂਦੇ ਰਹਿੰਦੇ ਹਨ। ਬਾਪ ਕਹਿੰਦੇ ਹਨ, ਇਹ ਸਭ ਭਗਤੀ ਮਾਰਗ ਦੀਆਂ ਕਿਤਾਬਾਂ ਹਨ। ਗਿਆਨ ਦਾ ਸਾਗਰ ਤੇ ਮੈਂ ਹਾਂ। ਮੈਨੂੰ ਹੀ ਭਗਤੀ ਮਾਰਗ ਵਿਚ ਸਭ ਯਾਦ ਕਰਦੇ ਹਨ। ਡਰਾਮਾ ਪਲਾਨ ਅਨੁਸਾਰ ਇਹ ਵੀ ਡਰਾਮਾ ਵਿਚ ਨੂੰਧ ਹੈ। ਸਾਕਸ਼ਾਤਕਾਰ ਵੀ ਹੁੰਦੇ ਹਨ, ਭਗਤੀ ਮਾਰਗ ਵਾਲਿਆਂ ਨੂੰ ਵੀ ਰਾਜੀ ਕਰਦੇ ਹਨ। ਗਿਆਨ ਨਹੀਂ ਲੈਂਦੇ ਤਾਂ ਉਨ੍ਹਾਂ ਲਈ ਭਗਤੀ ਵੀ ਚੰਗੀ ਫਿਰ ਵੀ ਮਨੁੱਖ ਸੁਧਰਦੇ ਤੇ ਹੈ ਨਾ। ਚੋਰੀ ਆਦਿ ਨਹੀਂ ਕਰਨਗੇ। ਭਗਵਾਨ ਦਾ ਭਜਨ ਕਰਨ ਵਾਲਿਆਂ ਦੇ ਲਈ ਕਦੇ ਵੀ ਉਲਟੀ ਗੱਲਾਂ ਨਹੀਂ ਕਰਨਗੇ। ਫਿਰ ਵੀ ਭਗਤ ਹਨ। ਅੱਜਕਲ ਤਾ ਭਾਵੇਂ ਭਗਤ ਹਨ, ਫਿਰ ਵੀ ਬੜੇ ਦਿਵਾਲਾ ਕੱਢ ਦਿੰਦੇ ਹਨ। ਇਵੇਂ ਨਹੀਂ ਕੀ ਸ਼ਿਵਬਾਬਾ ਦਾ ਬੱਚਾ ਬਣਿਆ ਤਾਂ ਦੇਵਾਲਾ ਨਹੀਂ ਕੱਢਣਗੇ। ਪਿਛਲਾ ਕਰਮ ਹੋਵੇਗਾ ਤਾਂ ਦਿਵਾਲਾ ਕੱਢਦੇ ਹਨ। ਗਿਆਨ ਵਿਚ ਆ ਕੇ ਵੀ ਦਿਵਾਲਾ ਕੱਢ ਦਿੰਦੇ ਹਨ, ਇਸ ਨਾਲ ਗਿਆਨ ਦਾ ਕੋਈ ਤਾਲੁਕ ਨਹੀਂ ਹੈ।

ਤੁਸੀਂ ਬੱਚੇ ਹੁਣ ਸਰਵਿਸ ਤੇ ਲੱਗੇ ਹੋਏ ਹੋ। ਸਮਝਦੇ ਹੋ ਸ਼੍ਰੀਮਤ ਅਨੁਸਾਰ ਸਰਵਿਸ ਤੇ ਲੱਗਣ ਨਾਲ ਫਲ ਪਾਵਾਂਗੇ। ਅਸੀਂ ਸਾਰਾ ਕੁਝ ਉਥੇ ਟਰਾਂਸਫਰ ਕਰਨਾ ਹੈ। ਬੈਗ ਬੈਗਜ ਸਭ ਕੁਝ ਟਰਾਂਸਫਰ ਕਰ ਦੇਣਾ ਹੈ। ਬਾਬਾ ਨੂੰ ਸ਼ੁਰੂ ਤੋਂ ਬੜਾ ਮਜਾ ਆਇਆ ਸੀ। ਉਥੋਂ ਜਦੋ ਨਿਕਲੇ ਤਾਂ ਗੀਤ ਬਣਾਇਆ- ਅਲਫ਼ ਨੂੰ ਮਿਲਿਆ ਅੱਲਾ, ਬੇ ਨੂੰ ਮਿਲੀ ਬਾਦਸ਼ਾਹੀ... ਸ਼੍ਰੀਕ੍ਰਿਸ਼ਨ ਦਾ ਚਤੁਰਭੁਜ ਦਾ ਸਾਕਸ਼ਾਤਕਾਰ ਹੋਇਆ ਸਮਝਿਆ ਦਵਾਰਕਾ ਦਾ ਬਾਦਸ਼ਾਹ ਬਣਾਂਗਾ। ਅਜਿਹਾ ਨਸ਼ਾ ਚੜਦਾ ਸੀ। ਹੁਣ ਇਹ ਵਿਨਾਸ਼ੀ ਪੈਸਾ ਕੀ ਕਰਾਂਗੇ। ਤਾਂ ਤੁਹਾਨੂੰ ਬੱਚਿਆਂ ਨੂੰ ਵੀ ਖੁਸ਼ੀ ਹੋਣੀ ਚਾਹੀਦੀ ਹੈ। ਸਾਨੂੰ ਬਾਬਾ ਸਵਰਗ ਦੀ ਬਾਦਸ਼ਾਹੀ ਦਿੰਦੇ ਹਨ। ਪਰ ਬੱਚੇ ਇਤਨਾ ਪੁਰਸ਼ਾਰਥ ਹੀ ਨਹੀਂ ਕਰਦੇ ਹਨ। ਚਲਦੇ ਚਲਦੇ ਡਿੱਗ ਪੈਂਦੇ ਹਨ। ਅੱਛੇ-2 ਬੱਚੇ ਬਾਬਾ ਨੂੰ ਨਿਮੰਤਰਨ ਦੇਣ ਵਾਲੇ ਕਦੇ ਬਾਬਾ ਨੂੰ ਯਾਦ ਨਹੀਂ ਕਰਦੇ। ਬਾਬਾ ਦੇ ਕੋਲ ਪੱਤਰ ਆਉਣਾ ਚਾਹੀਦਾ ਹੈ ਕਿ ਬਾਬਾ ਅਸੀਂ ਬਹੁਤ ਖੁਸ਼ ਹਾਂ। ਤੁਹਾਡੀ ਯਾਦ ਵਿਚ ਮਸਤ ਰਹਿੰਦੇ ਹਾਂ। ਬਹੁਤ ਹਨ ਜੋ ਕਦੇ ਯਾਦ ਨਹੀਂ ਕਰਦੇ। ਯਾਦ ਦੀ ਯਾਤਰਾ ਨਾਲ ਹੀ ਖੁਸ਼ੀ ਜ਼ੋਰ ਨਾਲ ਚੜੇਗੀ। ਗਿਆਨ ਵਿਚ ਚਾਹੇ ਕਿੰਨਾ ਵੀ ਮਸਤ ਰਹਿੰਦੇ ਹਨ ਪ੍ਰੰਤੂ ਦੇਹ - ਅਭਿਮਾਨ ਕਿੰਨਾ ਹੈ। ਦੇਹੀ - ਅਭਿਮਾਨੀ - ਪਨਾ ਕਿਥੇ ਹੈ? ਗਿਆਨ ਤਾ ਬੜਾ ਸੌਖਾ ਹੈ। ਯੋਗ ਵਿਚ ਹੀ ਮਾਇਆ ਵਿਘਨ ਪਾਉਂਦੀ ਹੈ। ਗ੍ਰਹਿਸਤ ਵਿਵਹਾਰ ਵਿਚ ਵੀ ਅਨਾਸਕਤ ਹੋ ਕੇ ਰਹਿਣਾ ਹੈ। ਇਵੇਂ ਨਾ ਹੋਵੇ ਕੀ ਮਾਇਆ ਅੰਗੂਰੀ ਲਗਾ ਦੇਵੇ। ਮਾਇਆ ਕੱਟਦੀ ਇਵੇਂ ਹੈ ਜਿਵੇ ਚੂਹਾ। ਚੂਹਾ ਇਵੇਂ ਕੱਟਦਾ ਹੈ ਜੋ ਭਾਵੇ ਖ਼ੂਨ ਨਿਕਲ ਆਵੇ ਪਰ ਪਤਾ ਨਾ ਚੱਲੇ। ਬੱਚਿਆਂ ਨੂੰ ਪਤਾ ਨਹੀਂ ਚਲਦਾ ਕੀ ਦੇਹ- ਅਭਿਮਾਨ ਵਿਚ ਆਉਣ ਨਾਲ ਕਿੰਨਾ ਨੁਕਸਾਨ ਹੁੰਦਾ ਹੈ। ਉੱਚ ਪਦ ਪਾ ਨਹੀਂ ਸਕਣਗੇ। ਬਾਪ ਤੋਂ ਪੂਰਾ ਵਰਸਾ ਲੈਣਾ ਚਾਹੀਦਾ ਹੈ। ਮੰਮਾ ਬਾਬਾ ਦੀ ਤਰ੍ਹਾਂ ਅਸੀਂ ਵੀ ਤਖਤਨਸ਼ੀਨ ਬਣੀਏ। ਬਾਪ ਹੈ ਦਿਲ ਲੈਣ ਵਾਲਾ। ਦਿਲਵਾੜਾ ਮੰਦਿਰ ਵਿਚ ਵੀ ਪੂਰਾ ਯਾਦਗਾਰ ਹੈ, ਅੰਦਰ ਹਾਥੀਆਂ ਤੇ ਮਹਾਰਥੀ ਬੈਠੇ ਹਨ। ਤੁਹਾਡੇ ਵਿਚ ਵੀ ਮਹਾਰਥੀ, ਘੁੜਸਵਾਰ, ਪਿਆਦੇ ਹਨ। ਹਰੇਕ ਨੇ ਆਪਣੀ-ਆਪਣੀ ਨਬਜ ਦੇਖਣੀ ਹੈ। ਬਾਬਾ ਕਿਓਂ ਦੇਖੇ। ਤੁਸੀਂ ਆਪਣੇ ਨੂੰ ਦੇਖੋ, ਅਸੀਂ ਬਾਬਾ ਨੂੰ ਯਾਦ ਕਰਦੇ ਹਾਂ ਅਤੇ ਬਾਬਾ ਤਰ੍ਹਾਂ ਸਰਵਿਸ ਕਰਦੇ ਹਾਂ! ਸਾਡਾ ਬਾਬਾ ਨਾਲ ਯੋਗ ਹੈ। ਰਾਤ ਨੂੰ ਜਾਗ ਕੇ ਬਾਬਾ ਨੂੰ ਯਾਦ ਕਰਦੇ ਹਾਂ? ਅਸੀਂ ਬਹੁਤਿਆਂ ਦੀ ਸਰਵਿਸ ਕਰਦੇ ਹਾਂ? ਚਾਰਟ ਰੱਖਣਾ ਚਾਹੀਦਾ ਹੈ- ਬਾਬਾ ਨੂੰ ਹੱਡੀ ਕਿੰਨਾ ਯਾਦ ਕਰਦੇ ਹਾਂ? ਕਈ ਸਮਝਦੇ ਹਨ ਅਸੀਂ ਨਿਰੰਤਰ ਯਾਦ ਕਰਦੇ ਹਾਂ, ਇਹ ਹੋ ਨਹੀਂ ਸਕਦਾ। ਕਈ ਸਮਝਦੇ ਹਨ ਅਸੀਂ ਬਾਬਾ ਦੇ ਬੱਚੇ ਬਣ ਗਏ, ਬਸ। ਪਰ ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰਨਾ ਹੈ। ਬਾਬਾ ਦੀ ਯਾਦ ਬਿਨਾ ਕੁਝ ਕੰਮ ਕੀਤਾ ਤਾਂ ਮਤਲਬ ਬਾਬਾ ਨੂੰ ਯਾਦ ਨਹੀਂ ਕਰਦੇ। ਬਾਬਾ ਦੀ ਯਾਦ ਵਿਚ ਸਦਾ ਖੁਸ਼ ਰਹਿਣਾ ਚਾਹੀਦਾ ਹੈ। ਯਾਦ ਵਿਚ ਰਹਿਣ ਵਾਲਾ ਸਦਾ ਰਮਨੀਕ ਰਹੇਗਾ, ਖੁਸ਼ ਰਹੇਗਾ। ਕਿਸੇ ਨੂੰ ਬਹੁਤ ਖੁਸ਼ੀ ਨਾਲ ਅਤੇ ਰਮਨੀਕਤਾ ਨਾਲ ਸਮਝਾਉਣਗੇ। ਬਹੁਤ ਥੋੜੇ ਹਨ ਜਿਨ੍ਹਾਂ ਨੂੰ ਸਰਵਿਸ ਦਾ ਬਹੁਤ ਸ਼ੋਂਕ ਹੈ। ਚਿੱਤਰਾਂ ਤੇ ਸਮਝਾਉਣਾ ਬਹੁਤ ਸਹਿਜ ਹੈ। ਇਹ ਹੈ ਉੱਚੇ ਤੇ ਉੱਚਾ ਭਗਵਾਨ ਫਿਰ ਉਨ੍ਹਾਂ ਦੀ ਰਚਨਾ, ਅਸੀਂ ਸਭ ਆਤਮਾਵਾਂ ਭਾਈ- 2 ਹਾਂ। ਬ੍ਰਦਰਹੁੱਡ ਹਾਂ, ਓਹਨਾ ਨੇ ਫਾਦਰਹੁੱਡ ਕਹਿ ਦਿੱਤਾ ਹੈ। ਪਹਿਲੋਂ ਸ਼ਿਵਬਾਬਾ ਦੇ ਚਿਤਰ ਤੇ ਸਮਝਾਉਣਾ ਹੈ ਕਿ ਇਹਨਾਂ ਸਾਰੀਆਂ ਆਤਮਾਵਾਂ ਦਾ ਬਾਪ ਪਰਮਪਿਤਾ ਪਰਮਾਤਮਾ ਨਿਰਾਕਾਰ। ਅਸੀਂ ਆਤਮਾਵਾਂ ਵੀ ਨਿਰਾਕਾਰ ਹਾਂ, ਭ੍ਰਿਕੁਟੀ ਦੇ ਮੱਧ ਵਿਚ ਰਹਿੰਦੀ ਹਾਂ। ਸ਼ਿਵਬਾਬਾ ਦੀ ਸਟਾਰ ਹੈ, ਪ੍ਰੰਤੂ ਸਟਾਰ ਦੀ ਪੂਜਾ ਕਿਵੇਂ ਹੋਵੇ। ਇਸਲਈ ਵੱਡਾ ਬਣਾਉਂਦੇ ਹਨ। ਬਾਕੀ ਆਤਮਾ ਕਦੇ 84 ਲੱਖ ਜਨਮ ਨਹੀਂ ਲੈਂਦੀ ਹੈ। ਬਾਪ ਸਮਝਾਉਂਦੇ ਹਨ, ਆਤਮਾ ਪਹਿਲੋਂ ਅਸ਼ਰੀਰੀ ਆਉਂਦੀ ਹੈ, ਫਿਰ ਸ਼ਰੀਰ ਧਾਰਨ ਕਰ ਪਾਰਟ ਵਜਾਉਂਦੀ ਹੈ। ਸਤੋਪ੍ਰਧਾਨ ਆਤਮਾ ਪੁਨਰਜਨਮ ਲੈਂਦੇ-ਲੈਂਦੇ ਆਇਰਨ ਏਜ ਵਿੱਚ ਆ ਜਾਂਦੀ ਹੈ। ਬਾਅਦ ਵਿਚ ਆਉਣ ਵਾਲੇ ਤਾਂ 84 ਜਨਮ ਨਹੀਂ ਲੈਣਗੇ। ਸਭ ਤੇ 84 ਜਨਮ ਲੈ ਨਹੀਂ ਸਕਦੇ। ਆਤਮਾ ਹੀ ਇਕ ਸ਼ਰੀਰ ਛੱਡ ਦੂਜਾ ਲੈਂਦੀ ਹੈ। ਨਾਮ ਰੂਪ ਦੇਸ਼ ਕਾਲ ਸਭ ਬਦਲ ਜਾਂਦਾ ਹੈ। ਇਸ ਤਰ੍ਹਾਂ ਭਾਸ਼ਣ ਕਰਨਾ ਚਾਹੀਦਾ ਹੈ। ਕਹਿੰਦੇ ਹਨ ਸੈਲਫ ਰਿਲਾਈਜੇਸ਼ਨ। ਪਰੰਤੂ ਕਰਵਾਏ ਕੌਣ? ਆਤਮਾ ਸੋ ਪਰਮਾਤਮਾ ਕਹਿਣਾ - ਇਹ ਕੋਈ ਸੈਲਫ ਰੀਲਾਈਜੇਸ਼ਨ ਹੋਇਆ- ਇਹ ਨਵੀ ਨੋਲਜ ਹੈ। ਬਾਪ ਜੋ ਗਿਆਨ ਦਾ ਸਾਗਰ ਹੈ ਪਤਿਤ - ਪਾਵਨ ਹੈ, ਸਰਵ ਦਾ ਸਦਗਤੀ ਦਾਤਾ ਹੈ, ਉਹ ਹੀ ਬੈਠ ਸਮਝਾਉਂਦੇ ਹਨ। ਫਿਰ ਉਨ੍ਹਾਂ ਦੀ ਖੂਬ ਮਹਿਮਾ ਕਰੋ, ਉਨ੍ਹਾਂ ਦੀ ਮਹਿਮਾ ਸੁਣੀ। ਆਤਮਾ ਦਾ ਪਰਿਚੇ ਦੱਸਿਆ, ਹੁਣ ਪਰਮਾਤਮਾ ਦਾ ਵੀ ਦੱਸਦੇ ਹਾਂ। ਉਸਨੂੰ ਕਿਹਾ ਜਾਂਦਾ ਹੈ ਸਭ ਆਤਮਾਵਾਂ ਦਾ ਬਾਪ। ਉਹ ਛੋਟਾ ਵੱਡਾ ਹੋ ਨਾ ਸਕੇ। ਪਰਮਪਿਤਾ ਪਰਮਾਤਮਾ ਮਾਨਾ ਸੁਪਰੀਮ ਸੋਲ। ਸੋਲ ਮਾਨਾ ਆਤਮਾ। ਪਰਮਾਤਮਾ ਤਾਂ ਪਰੇ ਤੋਂ ਪਰੇ ਰਹਿਣ ਵਾਲਾ ਹੈ। ਉਹ ਪੁਨਰਜਨਮ ਵਿਚ ਨਹੀਂ ਆਉਂਦੇ ਹਨ। ਇਸਲਈ ਉਨ੍ਹਾਂ ਨੂੰ ਪਰਮਪਿਤਾ ਕਿਹਾ ਜਾਂਦਾ ਹੈ। ਇਤਨੀ ਛੋਟੀ ਆਤਮਾ ਵਿਚ ਪਾਰਟ ਭਰਿਆ ਹੋਇਆ ਹੈ। ਪਤਿਤ - ਪਾਵਨ ਵੀ ਉਨ੍ਹਾਂ ਨੂੰ ਕਹਿੰਦੇ ਹਨ। ਉਨ੍ਹਾਂ ਦਾ

ਨਾਮ ਹਮੇਸ਼ਾ ਸ਼ਿਵਬਾਬਾ ਹੈ। ਰੂਦ੍ਰ ਬਾਬਾ ਨਹੀਂ। ਭਗਤੀ ਮਾਰਗ ਵਿਚ ਅਨੇਕ ਨਾਮ ਰੱਖੇ ਹਨ, ਉਨ੍ਹਾਂ ਨੂੰ ਸਾਰੇ ਯਾਦ ਕਰਦੇ ਹਨ ਕਿ ਪਤਿਤ ਪਾਵਨ ਆਕੇ ਪਾਵਨ ਬਣਾਓ। ਤਾਂ ਜਰੂਰ ਆਉਣਾ ਪਵੇ। ਉਹ ਆਉਂਦੇ ਓਦੋ ਹਨ ਜਦੋ ਇਕ ਧਰਮ ਦੀ ਸਥਾਪਨਾ ਕਰਨੀ ਹੁੰਦੀ ਹੈ। ਆਦਿ ਸਨਾਤਨ ਦੇਵੀ - ਦੇਵਤਾ ਧਰਮ। ਹਾਲੇ ਹੈ ਕਲਯੁੱਗ, ਢੇਰ ਮਨੁੱਖ ਹਨ। ਸਤਿਯੁਗ ਵਿਚ ਬਹੁਤ ਥੋੜੇ ਮਨੁੱਖ ਹੁੰਦੇ ਹਨ। ਗਾਇਆ ਵੀ ਹੋਇਆ ਹੈ ਬ੍ਰਹਮਾ ਦਵਾਰਾ ਸਥਾਪਨਾ, ਸ਼ੰਕਰ ਦਾਵਾਰਾ ਵਿਨਾਸ਼… ਗੀਤਾ ਦਵਾਰਾ ਹੀ ਆਦਿ ਸਨਾਤਨ ਦੇਵੀ ਦੇਵਤਾ ਧਰਮ ਦੀ ਸਥਾਪਨਾ ਹੋਈ ਸੀ। ਸਿਰਫ ਉਸ ਵਿਚ ਹੀ ਭੁੱਲ ਕੇ ਸ਼੍ਰੀਕ੍ਰਿਸ਼ਨ ਦਾ ਨਾਮ ਪਾ ਦਿੱਤਾ ਹੈ। ਬਾਪ ਕਹਿੰਦੇ ਹਨ ਉਹ ਤਾਂ ਪੁਨਰ ਜਨਮ ਵਿਚ ਆਉਣ ਵਾਲਾ ਹੈ। ਮੈਂ ਤਾਂ ਪੁਨਰਜਨਮ ਰਹਿਤ ਹਾਂ। ਤਾਂ ਹੁਣ ਜੱਜ ਕਰੋ ਕੀ ਪਰਮਪਿਤਾ ਪਰਮਾਤਮਾ ਨਿਰਾਕਾਰ ਸ਼ਿਵ ਜਾਂ ਸ਼੍ਰੀਕ੍ਰਿਸ਼ਨ। ਗੀਤਾ ਦਾ ਭਗਵਾਨ ਕੌਣ? ਭਗਵਾਨ ਤਾਂ ਇਕ ਨੂੰ ਕਿਹਾ ਜਾਂਦਾ ਹੈ ਫਿਰ ਜੇਕਰ ਇਨ੍ਹਾਂ ਗੱਲਾਂ ਨੂੰ ਕੋਈ ਨਹੀਂ ਮੰਨਦਾ ਹੈ ਤਾਂ ਸਮਝਣਾ ਚਾਹੀਦਾ ਹੈ ਕਿ ਇਹ ਆਪਣੇ ਧਰਮ ਦਾ ਨਹੀਂ ਹੈ। ਸਤਿਯੁਗ ਵਿਚ ਆਉਣ ਵਾਲਾ ਝੱਟ ਮੰਨੇਗਾ ਅਤੇ ਪੁਰਸ਼ਾਰਥ ਕਰਨ ਲੱਗ ਜਾਵੇਗਾ। ਮੂਲ ਗੱਲ ਹੀ ਇਹ ਹੈ। ਇਸ ਵਿਚ ਤੁਹਾਡੀ ਜਿੱਤ ਹੈ। ਪ੍ਰੰਤੂ ਦੇਹੀ - ਅਭਿਮਾਨੀ ਅਵਸਥਾ ਕਿੱਥੇ ਹੈ? ਇਕ ਦੋ ਦੇ ਨਾਮ ਰੂਪ ਵਿਚ ਫਸਦੇ ਰਹਿੰਦੇ ਹਨ। ਭਗਤੀ ਮਾਰਗ ਵਿਚ ਵੀ ਕਹਿੰਦੇ ਸੀ ਪਰਵਾਹ ਸੀ ਪਾਰ ਬ੍ਰਹਮ ਵਿਚ ਰਹਿਣ ਵਾਲੇ ਪਰਮਾਤਮਾ ਦੀ। ਬਾਕੀ ਡਰ ਕਿਸ ਦਾ। ਬਹੁਤ ਹਿੰਮਤ ਚਾਹੀਦੀ ਹੈ। ਭਾਸ਼ਣ ਕਰਨ ਵਾਲਿਆਂ ਨੂੰ ਆਤਮਾ ਦਾ ਗਿਆਨ ਬਹੁਤ ਮਸਤੀ ਨਾਲ ਦੇਣਾ ਚਾਹੀਦਾ ਹੈ। ਫਿਰ ਪਰਮਾਤਮਾ ਕਿਸਨੂੰ ਕਿਹਾ ਜਾਂਦਾ ਹੈ - ਇਸਤੇ ਵੀ ਸਮਝਾਉਣਾ ਚਾਹੀਦਾ ਹੈ। ਬਾਪ ਦੀ ਮਹਿਮਾ ਹੈ ਪ੍ਰੇਮ ਦਾ ਸਾਗਰ, ਗਿਆਨ ਦਾ ਸਾਗਰ… ਉਸ ਤਰ੍ਹਾਂ ਬੱਚਿਆਂ ਦੀ ਵੀ ਮਹਿਮਾ ਹੈ। ਕਿਸੇ ਨਾਲ ਗੁੱਸਾ ਕਰਨਾ ਮਾਨਾ ਲਾਅ ਹੱਥ ਵਿਚ ਉਠਾਣਾ। ਬਾਬਾ ਕਿੰਨਾ ਮਿੱਠਾ ਹੈ। ਬੱਚੇ ਕੋਈ ਕੰਮ ਵਿਚ ਮਨਾ ਕਰਦੇ ਹਨ ਤਾਂ ਨਟਵਰ ਨਹੀਂ ਬਣਨਗੇ। ਬਹੁਤ ਮਿੱਠਾ ਬਣਨਾ ਹੈ। ਅੱਛਾ। ਮਿੱਠੇ ਸਿਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ-ਪਿਆਰ ਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁਖ ਸਾਰ:-

1. ਆਪਣਾ ਬੈਗ - ਬੇਗੇਜ ਸਭ ਟਰਾਂਸਫਰ ਕਰ ਬੜੀ ਖੁਸ਼ੀ ਅਤੇ ਮਸਤੀ ਵਿਚ ਰਹਿਣਾ ਹੈ। ਮੰਮਾ ਬਾਬਾ ਸਮਾਨ ਤੱਖਤਨਸ਼ੀਨ ਬਣਨਾ ਹੈ। ਜਿਗਰੀ ਯਾਦ ਵਿਚ ਰਹਿਣਾ ਹੈ।

2. ਕਿਸੇ ਦੇ ਡਰ ਨਾਲ ਪੜਾਈ ਨਹੀਂ ਛੱਡਣੀ ਹੈ। ਯਾਦ ਨਾਲ ਆਪਣੇ ਕਰਮ ਬੰਧਨ ਹਲਕੇ ਕਰਨੇ ਹਨ। ਕਦੇ ਕ੍ਰੋਧ ਵਿਚ ਆਕੇ ਲਾਅ (ਕਾਨੂੰਨ) ਹੱਥ ਵਿਚ ਨਹੀਂ ਲੈਣਾ ਹੈ। ਕਿਸੇ ਸੇਵਾ ਵਿਚ ਨਾ ਨਹੀਂ ਕਰਨੀ ਹੈ।

ਵਰਦਾਨ:- ਰਾਇਲ ਅਤੇ ਸਿੰਪਲ ਦੋਵਾਂ ਦੇ ਬੇਲੇਂਸ ਦਵਾਰਾ ਕੰਮ ਕਰਨ ਵਾਲੇ ਬ੍ਰਹਮਾ ਬਾਪ ਸਮਾਨ ਭਵ।

ਜਿਵੇਂ ਬ੍ਰਹਮਾ ਬਾਪ ਸਧਾਰਨ ਰਹੇ, ਨਾ ਬਹੁਤਾ ਉੱਚਾ, ਨਾ ਬਹੁਤਾ ਨੀਂਵਾ। ਬ੍ਰਾਹਮਣਾਂ ਦਾ ਆਦਿ ਤੋਂ ਹੁਣ ਤੱਕ ਦਾ ਨਿਯਮ ਹੈ ਕਿ ਨਾ ਬਿਲਕੁਲ ਸਾਦਾ ਹੋਵੇ, ਨਾ ਬਹੁਤ ਰਾਇਲ ਹੋਵੇ। ਵਿੱਚ ਦਾ ਹੋਣਾ ਚਾਹੀਦਾ ਹੈ। ਹੁਣ ਸਾਧਨ ਬਹੁਤ ਹਨ, ਸਾਧਨ ਦੇਣ ਵਾਲੇ ਵੀ ਹਨ ਫਿਰ ਵੀ ਕੋਈ ਵੀ ਕੰਮ ਕਰੋ ਤਾਂ ਵਿੱਚ ਦਾ ਕਰੋ। ਅਜਿਹਾ ਕੋਈ ਨਾ ਕਹੇ ਕਿ ਇੱਥੇ ਤਾਂ ਰਾਜਾਈ ਠਾਠ ਹੋ ਗਿਆ ਹੈ। ਜਿਤਨਾ ਸਿੰਪਲ ਉਤਨਾ ਰਾਇਲ - ਦੋਵਾਂ ਦਾ ਬੇਲੈਂਸ ਹੋਵੇ।

ਸਲੋਗਨ:- ਦੂਜਿਆਂ ਨੂੰ ਵੇਖਣ ਦੀ ਬਜਾਏ ਖੁਦ ਨੂੰ ਵੇਖੋ ਅਤੇ ਯਾਦ ਰੱਖੋ - "ਜੋ ਕਰਮ ਅਸੀਂ ਕਰਾਂਗੇ ਸਾਨੂੰ ਵੇਖ ਹੋਰ ਕਰਨਗੇ"

******

ਅਵਿਅਕਤ ਸਾਇਲੈਂਸ ਦਵਾਰਾ ਡਬਲ ਲਾਈਟ ਫਰਿਸ਼ਤਾ ਸਥਿਤੀ ਦਾ ਅਨੁਭਵ ਕਰੋ।

ਹੁਣ ਤੁਹਾਡੀ ਸਾਰੀ ਕਾਰੋਬਾਰ ਸ੍ਰੇਸ਼ਠ ਸੰਕਲਪ ਦਵਾਰਾ ਇਸ਼ਾਰਿਆਂ ਨਾਲ ਚਲਣੀ ਚਾਹੀਦੀ ਹੈ। ਅਜਿਹੇ ਲਾਈਟ ਰੂਪ ਵਿਚ ਰਹੋ ਜੋ ਵਿਅਰਥ ਸੰਕਲਪ, ਵਿਆਰਥ ਸਮੇਂ ਖਤਮ ਹੋ ਜਾਵੇ, ਉਹ ਹੀ ਸੰਕਲਪ ਉੱਠੇ ਜੋ ਹੋਣਾ ਹੈ ਅਤੇ ਜਿਸ ਨੂੰ ਕਰਨਾ ਹੈ ਉਨ੍ਹਾਂ ਦੀ ਬੁੱਧੀ ਵਿੱਚ ਵੀ ਉਹ ਹੀ ਸੰਕਲਪ ਉੱਠੇ ਕਿ ਇਹ ਹੀ ਕਰਨਾ ਹੈ, ਤਾਂ ਇਹ ਸਾਕਾਰ ਵਤਨ ਸੂੱਖਸ਼ਮਵਤਨ ਬਣੇਗਾ।